## ਸੁਧਾਰਾਤਮਕ ਸੇਵਾਵਾਂ ਵਿਭਾਗ ਨਾਲ ਸਾਂਝਾ ਉਪਕ੍ਰਮ

## ਕੈਦੀਆਂ ਦੀ ਰਿਹਾਈ ਤੋਂ ਬਾਅਦ ਦੀ ਨਿਗਰਾਨੀ ਯੋਜਨਾ

- **ਸੇਵਾ ਦਾ ਵੇਰਵਾ**

  ਪੋਸਟ-ਰਿਲੀਜ਼ ਸੁਪਰਵੀਜ਼ਨ ਆਫ਼ ਪ੍ਰਿਜ਼ਨਰਜ਼ ਆਰਡੀਨੈਂਸ (ਅਧਿਆਏ 475) ਦੇ ਅਨੁਸਾਰ ਨਿਗਰਾਨੀ ਦੇ ਅਧੀਨ ਰੱਖੇ ਗਏ ਛੱਡੇ ਗਏ ਬਾਲਗ ਕੈਦੀਆਂ ਦੀਆਂ ਕੁਝ ਖਾਸ ਸ਼੍ਰੇਣੀਆਂ ਲਈ ਕੈਦੀਆਂ ਦੀ ਰਿਹਾਈ ਤੋਂ ਬਾਅਦ ਦੀ ਨਿਗਰਾਨੀ ਯੋਜਨਾ, ਸਮਾਜਿਕ ਭਲਾਈ ਵਿਭਾਗ ਅਤੇ 1996 ਵਿੱਚ ਸਥਾਪਿਤ ਕੀਤੇ ਗਏ ਸੁਧਾਰਾਤਮਕ ਸੇਵਾਵਾਂ ਦੇ ਵਿਭਾਗ ਦਾ ਸਾਂਝਾ ਉਪਕ੍ਰਮ ਹੈ। ਇਹ ਯੋਜਨਾ ਛੱਡੇ ਗਏ ਬਾਲਗ ਕੈਦੀਆਂ ਨੂੰ ਮਾਰਗਦਰਸ਼ਨ ਅਤੇ ਸਲਾਹ-ਮਸ਼ਵਰਾ ਪ੍ਰਦਾਨ ਕਰਦੀ ਹੈ ਤਾਂ ਜੋ ਉਨ੍ਹਾਂ ਨੂੰ ਸਮਾਜ ਨਾਲ ਮੁੜ ਜੋੜਿਆ ਜਾ ਸਕੇ ਅਤੇ ਉਹ ਕਾਨੂੰਨ ਦੀ ਪਾਲਣਾ ਕਰਨ ਵਾਲਾ ਜੀਵਨ ਜੀਅ ਸਕਣ।

- **ਟੀਚਾਬੱਧ ਸਮੂਹ**

  ਛੱਡੇ ਗਏ ਕੈਦੀ ਜੋ ਪੋਸਟ ਰਿਲੀਜ਼ ਸੁਪਰਵਿਜ਼ਨ ਬੋਰਡ ਦੁਆਰਾ ਪੋਸਟ ਰਿਲੀਜ਼ ਸੁਪਰਵਿਜ਼ਨ ਆਦੇਸ਼ ਦੇ ਅਧੀਨ ਹਨ।

- **ਸੇਵਾ ਦਾ ਵਿਸ਼ਾ-ਵਸਤੂ**

  ਸਜ਼ਾ ਵਾਲੀਆਂ ਸੰਸਥਾਵਾਂ ਵਿੱਚ ਕੈਦੀਆਂ ਨੂੰ ਮਿਲਣ ਜਾਣਾ ਅਤੇ ਭਾਈਚਾਰੇ ਵਿੱਚ ਉਨ੍ਹਾਂ ਦੀ ਵਾਪਸੀ ਲਈ ਮੁੜ-ਵਸੇਬਾ ਯੋਜਨਾ ਬਣਾਉਣ ਵਿੱਚ ਉਨ੍ਹਾਂ ਦੀ ਮਦਦ ਕਰਨਾ।

  ਨਿਗਰਾਨੀ ਕੀਤੇ ਜਾ ਰਹੇ ਵਿਅਕਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਉਨ੍ਹਾਂ ਦੇ ਘਰ/ਕੰਮ ਦੇ ਸਥਾਨ 'ਤੇ ਕੀਤੀਆਂ ਜਾਣ ਵਾਲੀਆਂ ਨਿਯਮਤ ਮੁਲਾਕਾਤਾਂ ਦੇ ਰਾਹੀਂ ਮਾਰਗਦਰਸ਼ਨ ਅਤੇ ਸਲਾਹ-ਮਸ਼ਵਰਾ ਪ੍ਰਦਾਨ ਕਰਨਾ ਅਤੇ ਜੇ ਜ਼ਰੂਰੀ ਅਤੇ ਢੁੱਕਵਾਂ ਸਮਝਿਆ ਜਾਂਦਾ ਹੈ ਤਾਂ ਉਨ੍ਹਾਂ ਦਾ ਭਲਾਈ ਸੇਵਾਵਾਂ ਲਈ ਹਵਾਲਾ ਦੇਣਾ।

- **ਰਿਹਾਈ ਤੋਂ ਬਾਅਦ ਦੀ ਨਿਗਰਾਨੀ ਦਾ ਬੋਰਡ**

  ਸਾਰੇ ਨਿਗਰਾਨੀ ਆਦੇਸ਼ਾਂ ਦੀ ਲੰਬਾਈ ਅਤੇ ਹਾਲਤਾਂ ਬਾਰੇ ਪੋਸਟ ਰਿਲੀਜ਼ ਸੁਪਰਵਿਜ਼ਨ ਬੋਰਡ ਦੁਆਰਾ ਨਿਰਣਾ ਲਿਆ ਜਾਂਦਾ ਹੈ। ਇਹ ਆਜ਼ਾਦਾਨਾ ਵੈਧਾਨਿਕ ਸੰਗਠਨ ਹੈ ਜਿਸ ਵਿੱਚ ਪ੍ਰਧਾਨ ਵੱਜੋਂ ਜੱਜ ਜਾਂ ਸਾਬਕਾ ਜੱਜ, ਡਿਪਟੀ ਚੇਅਰਮੈਨ ਅਤੇ ਮਨੋਚਿਕਿਤਸਕ, ਕਲੀਨਿਕਲ ਮਨੋਵਿਗਿਆਨੀ ਅਤੇ ਬੈਰਿਸਟਰ/ਸਾਲਿਸਟਰ ਅਤੇ ਇਸਦੇ ਨਾਲ ਹੀ ਸੁਧਾਰਾਤਮਕ ਸੇਵਾਵਾਂ ਵਿਭਾਗ, ਹਾਂਗ ਕਾਂਗ ਪੁਲਿਸ ਫੋਰਸ ਅਤੇ ਸੋਸ਼ਲ ਵੈਲਫੇਰ ਸਰਵਿਸਜ਼ ਸੈਕਟਰਜ਼ ਦੇ ਪ੍ਰਤੀਨਿਧੀਆਂ ਸਮੇਤ ਘੱਟੋ-ਘੱਟ ਛੇ ਹੋਰ ਸਦੱਸ ਹੁੰਦੇ ਹਨ;

- **ਸਮੀਖਿਆ ਦੇ ਲਈ ਅਰਜ਼ੀ**

  ਕੈਦੀ/ਨਿਗਰਾਨੀ ਅਧੀਨ ਵਿਅਕਤੀ ਨੂੰ ਆਦੇਸ਼ ਦੇ ਸਮੇਂ ਜਾਂ ਇਸ ਤੋਂ ਬਾਅਦ ਕਿਸੇ ਵੀ ਸਮੇਂ ਸਮੀਖਿਆ ਲਈ ਲਿਖਤ ਵਿੱਚ ਅਰਜ਼ੀ ਦੇਕੇ ਆਦੇਸ਼ ਨੂੰ ਬਦਲਣ ਜਾਂ ਛੋਟ ਦੇਣ ਲਈ ਪੋਸਟ-ਰਿਲੀਜ਼ ਸੁਪਰਵਿਜ਼ਨ ਬੋਰਡ ਕੋਲ ਵੱਧ ਤੋਂ ਵੱਧ ਇੱਕ ਵਾਰ ਬੇਨਤੀ ਕਰਨ ਦਾ ਅਧਿਕਾਰ ਹੈ;

- **ਹੋਰ ਜਾਣਕਾਰੀ**

  ਇਕੱਤਰ ਕੀਤੀ ਗਈ ਸਾਰੀ ਵਿਅਕਤੀਗਤ ਜਾਣਕਾਰੀ ਪਰਸਨਲ ਡਾਟਾ (ਪ੍ਰਾਈਵੇਸੀ) ਆਰਡੀਨੈਂਸ ਦੇ ਅਨੁਸਾਰ ਸੰਭਾਲੀ ਜਾਵੇਗੀ।

  ਇਸ ਯੋਜਨਾ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਸਾਰੀਆਂ ਸੇਵਾਵਾਂ ਮੁਫ਼ਤ ਹਨ।

- **ਪਤਾ ਅਤੇ ਟੈਲੀਫ਼ੋਨ ਨੰਬਰ**

  Flat 20 A-B, Block F, Senior Staff Quarters,
  Pamela Youde Nethersole Eastern Hospital,
  3 Lok Man Road, Chai Wan,
  Hong Kong
  ਟੈਲੀਫ਼ੋਨ ਨੰਬਰ: 2896 7318
  ਫ਼ੈਕਸ ਨੰਬਰ: 2558 0595

- **ਦਫ਼ਤਰੀ ਘੰਟੇ**

  ਸੋਮਵਾਰ ਤੋਂ ਸ਼ੁੱਕਰਵਾਰ:
  ਸਵੇਰੇ 8:45 ਤੋਂ ਸ਼ਾਮ 5:30
  (ਦੁਪਹਿਰ ਦੀ ਬ੍ਰੇਕ: ਦੁਪਹਿਰ 12:30 ਤੋਂ ਦੁਪਹਿਰ 1:30)
  (ਸ਼ਨੀਵਾਰ, ਐਤਵਾਰ ਅਤੇ ਜਨਤਕ ਛੁੱਟੀਆਂ ਨੂੰ ਬੰਦ)